TENDER HEART HIGH SCHOOL, SECTOR-33B, CHANDIGARH

Class - 9 Ramandeep Kaur

Topic - ਭੱਤਾ ਕਹਾਣੀ - 2

ਸ਼ਬਦ ਅਰਥ

ਵਿਦਿਆਰਥੀਓ, ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਭੱਤਾ' ਬਾਰੇ ਵਿਚਾਰ ਕਰਾਂਗੇ। ਇਹ ਸੰਤ ਸਿੰਘ ਸੇਖੋਂ ਦੀ ਰਚਨਾ ਹੈ।

ਪਹਿਲਾਂ ਅਸੀਂ ਪੰਨਾ ਨੰਬਰ 12, 13, 14 ਦੇ ਸ਼ਬਦਾਂ ਦੇ ਅਰਥ ਵਿਚਾਰਾਂਗੇ। ਇਨ੍ਹਾਂ ਅਰਥਾਂ ਨਾਲ ਤੁਸੀਂ ਕਹਾਣੀ ਦੇ ਵਿਸ਼ੇ ਨੂੰ ਸੌਖ ਸਮਝ ਸਕਦੇ ਹੋ।

1. ਦਾਣਾ ਦਲਣਾ - ਮੱਝਾਂ - ਗਾਵਾਂ ਵਾਸਤੇ ਅਨਾਜ ਨੂੰ ਪੀਸਣਾ
2. ਮਾਫ਼ਰੇ - ਤਗੜੇ, ਸਰੀਰ ਛੇਤੀ
3. ਮੁਰੱਬਾ - ਖੇਤ
4. ਕਾਮਿਆਂ - ਘਰ ਕੰਮ ਕਰਨ ਵਾਲੇ ਨੌਕਰ
5. ਬਾਟੂ - ਵਾਟੀ, ਪਤਲੀ (ਮੂੰਹੇ ਦੀ ਪਰਵਾਲੀ)
6. ਵਿੱਥ - ਫਰਕ ਨਾਲ (7) ਤਰਕੀਬ - ਸਕੀਮ
8. ਭਲਕੇ - ਕਲ ਨੂੰ (9) ਬਾਗ - ਫੁਲਕਾਰੀ ਤੋਂ ਵੱਡਾ ਦੁਪਟਾ।

Class- 9 Ramandeep Kaur

Topic- ਭੱਤਾ ਕਹਾਣੀ -2

10. ਵਡਿਆਈ - ਪ੍ਰਸੰਸਾ (11) ਗੁਲਬਹਿਰਿਆਂ - ਫੁੱਲਾਂ ਦਾ

12 ਮਰਚਲੂ - ਸਿਰ ਤੇ ਲੈਣ ਵਾਲਾ ਦੁਪਟਾ, ਚੁੰਨੀ

13 ਟਿਵਾਣੇ - ਨਿਆਣੇ, ਬੱਚੇ (14) ਦਲੇਰ - ਬਹਾਦਰ

15 ਅੰਮਾ - ਬਜ਼ੁਰਗ ਔਰਤ ਬੇਬੇ

ਆਓ ਹੁਣ ਵਿਚਾਰਦੇ ਹਾਂ ਕਿ ਕਹਾਣੀ ਵਿੱਚ ਅੱਗੇ ਕੀ ਵਾਪਰਦਾ ਹੈ। ਨਾਮੋ ਤੇ ਪੀਤੋ ਕਿਹੋ-ਜਹੀਆਂ ਗੱਲਾਂ ਕਰਦੀਆਂ ਹਨ।

**ਹਰਨਾਮ ਸਿੰਘ ਨੂੰ ਬਾਪੂ ਬਹੁਤ ਚੰਗਾ ਲੱਗਣਾ**—ਜਿਸ ਸਮੇਂ ਪਿਉ ਨੇ ਹਰਨਾਮ ਦੇ ਅੰਦਰਲੇ ਹਾਵਾਂ ਭਾਵਾਂ ਨੂੰ ਸਮਝ ਲਿਆ ਤੇ ਉਸ ਦਾ ਪੱਖ ਪੂਰਦਿਆ ਕਿਹਾ ਕਿ ਮਾਂ ਨੂੰ ਕਹੀ ਅਗੋਂ ਤੋਂ ਭਾਬੀ ਨੂੰ ਭੱਤਾ ਦੇ ਕੇ ਭੇਜਿਆ ਕਰੇ ਤਾਂ ਹਰਨਾਮ ਸਿਉਂ ਨੂੰ ਆਪਣਾ ਬਾਪੂ ਬਹੁਤ ਚੰਗਾ ਲਗਾ ਤੇ ਉਸ ਨੂੰ ਆਪਣੇ ਵਿਆਹ ਵਾਲਾ ਦਿਨ ਵੀ ਯਾਦ ਆ ਗਿਆ ਜਦੋਂ ਉਸ ਨੇ ਕੱਪੜਿਆਂ ਲਈ ਤੀਹ ਰੁਪਏ ਦਿੱਤੇ ਸਨ। ਪਰ ਨਾਲ ਹੀ ਮਾਂ ਵਲੋਂ ਕੌੜ ਕਸੈਲਾ ਬੋਲਿਆ ਵੀ ਝੱਟ ਯਾਦ ਆਉਣ ਲਗ ਪਿਆ।

**ਪੀਤੋ ਨੂੰ ਉਸ ਦੀ ਭਾਬੀ ਬਾਰੇ ਪੁੱਛਣਾ**—ਨਾਮੋਂ ਦੇ ਪਿਉ ਨੇ ਉਸਦੀ ਸਹੇਲੀ ਪੀਤੋ ਨੂੰ ਪੁੱਛਿਆ ਕਿ ਤੇਰੀ ਭਾਬੀ ਖੇਤਾਂ ਵਿੱਚ ਭੱਤਾ ਦੇਣ ਲਈ ਨਹੀਂ ਆਈ ਤਾਂ ਉਸ ਨੇ ਨਾ ਵਿੱਚ ਜਵਾਬ ਦਿੱਤਾ, ਨਾਲ ਹੀ ਉਸ ਦੇ ਪਿਉ ਨੇ ਕਿਹਾ ਕਿ ਉਹ ਪੜ੍ਹੇ-ਲਿਖੇ ਦੀ ਬਹੁ ਹੈ ਇਸ ਲਈ ਰੋਟੀ ਲੈ ਕੇ ਨਹੀਂ ਜਾਂਦੀ।

**ਪੀਤੋ ਹੋਰਾਂ ਦੇ ਖੇਤ ਭੱਤਾ ਲੈ ਕੇ ਜਾਣਾ**—ਨਾਮੋ ਹੋਰਾਂ ਦੇ ਖੇਤ ਵਿੱਚ ਭੱਤਾ ਦੇ ਕੇ ਉਹ ਦੋਵੇਂ ਪੀਤੋਂ ਦੇ ਖੇਤਾਂ ਵੱਲ ਨੂੰ ਚੱਲ ਪਈਆਂ। ਰਾਹ ਵਿੱਚ ਨਾਮੋਂ ਨੂੰ ਇੱਕ ਤਰਕੀਬ ਸੁੱਝੀ ਤੇ ਉਸ ਨੇ ਪੀਤੋ ਨੂੰ ਕਿਹਾ ਕਿ ਕੱਲ੍ਹ ਨੂੰ ਤੂੰ ਵੀ ਆਪਣੀ ਭਾਬੀ ਨੂੰ ਤੇ ਮੈਂ ਵੀ ਆਪਣੀ ਭਾਬੀ ਨੂੰ ਨਾਲ ਲੈ ਕੇ ਰੋਟੀ ਦੇਣ ਆਵਾਂਗੀਆਂ। ਪੀਤੋ ਨੂੰ ਗੱਲ ਕੁਝ ਜੱਚ ਗਈ ਪਰ ਉਸ ਨੇ ਕਿਹਾ ਤੇਰੀ ਮਾਂ ਨੇ ਥੋਨੂੰ ਦੋਹਾਂ ਨੂੰ ਨਹੀਂ ਤੋਰਨਾ।

ਜਦੋਂ ਉਹ ਭੱਤਾ ਲੈ ਕੇ ਪੀਤੋ ਕੇ ਖੇਤਾਂ ਵਿੱਚ ਪਹੁੰਚੀਆਂ ਤਾਂ ਉਸਦਾ ਬਾਪੂ ਤੇ ਕਾਮੇ ਹੱਲ ਵਾਹ ਰਹੇ ਸਨ। ਉਸ ਨੂੰ ਦੇਖ ਕੇ ਸਭ ਖੁਸ਼ ਹੋ ਗਏ ਅਤੇ ਬੜੇ ਪਿਆਰ ਨਾਲ ਪੁਚਕਾਰਿਆ। ਇਹ ਦੇਖ ਕੇ ਨਾਮੋਂ ਕੁਝ ਉਦਾਸ ਹੋ ਗਈ ਕਿ ਉਸ ਨੂੰ ਕੋਈ ਪਿਆਰ ਨਹੀਂ ਕਰਦਾ ਅਤੇ ਨਾ ਹੀ ਉਸ ਦੀ ਪਰਵਾਹ ਕਰਦਾ ਹੈ।

**ਪੀਤੋ ਦਾ ਥੱਕ ਜਾਣਾ**—ਭੱਤਾ ਦੇ ਕੇ ਵਾਪਸ ਮੁੜਨ੍ਹ ਤੇ ਨ੍ਹਾਮੋਂ ਨੇ ਪੀਤੋ ਨੂੰ ਭਲਕੇ ਫੇਰ ਭੱਤਾ ਲੈ ਕੇ ਆਉਣ ਲਈ ਪੁੱਛਿਆਂ ਤਾਂ ਉਸ ਨੇ ਨਾਂਹ ਕਰ ਦਿੱਤੀ ਕਿ ਉਹ ਤਾਂ ਅੱਜ ਹੀ ਥੱਕ ਗਈ ਤੇ ਕੁਝ ਸਮਾਂ ਬਹਿ ਜਾਈਏ। ਉਹ ਰਸਤੇ ਦੀ ਇਕ ਟਾਹਲੀ ਥੱਲੇ ਬਹਿ ਕੇ ਅਰਾਮ ਕਰਨ ਲਗ ਪਈਆਂ। ਨ੍ਹਾਮੋਂ ਉਸ ਨੂੰ ਕਹਿੰਦੀ ਹੈ ਕਿ ਤੂੰ ਤਾਂ ਬੜੀ ਛੇਤੀ ਥੱਕ ਗਈ। ਮੈਂ ਤਾਂ ਕੋਹ ਤੁਰ ਕੇ ਨਾ ਥੱਕਾਂ। ਪਰ ਉਹਨੇ ਕਿਹਾ "ਭੈਣੇ, ਮੈਂ ਤਾਂ ਥੱਕ ਗਈ, ਮੇਰਾ ਤਾਂ ਜਾਂਣੀ ਸਿਰ ਘੁੰਮਦੈ।"

Class-9
Topic- ਭੱਤਾ

Ramandeep Kaur
ਕਹਾਣੀ -2

ਅਸੀਂ ਪੜ੍ਹਿਆ ਕਿ ਹਰਨਾਮ ਸਿੰਘ ਦਾ ਬਾਪੂ ਉਸਦੇ ਮਨ ਦੀ ਗੱਲ ਸਮਝ ਗਿਆ ਹੈ। ਤੇ ਹਰਨਾਮ ਨੂੰ ਉਹ ਚੰਗਾ ਹੀ ਲੱਗਿਆ। ਫਿਰ ਪੀਤੋ ਦੀ ਭਾਬੀ ਬਾਰੇ ਪੁੱਛਣਾ। ਪੀਤੋ ਨੇ ਖੇਤ ਭੱਤਾ ਲੈ ਕੇ ਜਾਣਾ। ਆਪਣੀਆਂ ਭਾਬੀਆਂ ਦੀਆਂ ਗੱਲਾਂ ਕਰਦੀਆਂ ਤੇ ਪੀਤੋ ਦਾ ਥੱਕ ਜਾਣਾ। ਅਜਿਹੀਆਂ - ਛੋਟੀਆਂ ਛੋਟੀਆਂ ਗੱਲਾਂ ਕਹਾਣੀ ਨੂੰ ਰੋਚਕ ਬਣਾਉਂਦੀਆਂ ਹਨ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

1. ਹਰਨਾਮ ਸਿੰਘ ਨੇ ਆਪਣੇ ਵਿਆਹ ਤੇ ਬਾਪੂ ਕੋਲੋਂ ਕਿੰਨੇ ਪੈਸੇ ਲਏ ਸਨ?

2. ਪੀਤੋ ਦੀ ਭਾਬੀ ਖੇਤ ਭੱਤਾ ਕਿਉਂ ਨਹੀਂ ਲੈ ਕੇ ਜਾਂਦੀ?

3. ਤੁਰਦਿਆਂ ਹੋਇਆਂ ਕੌਣ ਥੱਕ ਗਿਆ ਸੀ?

4. ਨਾਮੋ ਕਿਉਂ ਉਦਾਸ ਹੋ ਗਈ ਸੀ?

ਆਓ ਹੁਣ ਉੱਤਰ ਵਿਚਾਰਦੇ ਹਾਂ।

1. ਵਿਆਹ ਵਾਲੇ ਦਿਨ ਬਾਪੂ ਨੇ ਤੀਹ (30) ਰੁਪਏ ਦਿੱਤੇ ਸੀ।

Class-9 Ramandeep Kaur

Topic- ਭੱਤਾ ਕਹਾਣੀ - 2

2. ਪੀਤੋ ਦੀ ਭਾਬੀ ਪੜ੍ਹੀ ਲਿਖੀ ਬਹੂ ਹੈ। ਉਸਦਾ ਘਰਵਾਲਾ ਕਾਲੇਜ ਪੜ੍ਹਨ ਜਾਂਦਾ ਹੈ। ਇਸ ਲਈ ਉਹ ਖੇਤ ਭੱਤਾ ਲੈ ਕੇ ਨਹੀਂ ਜਾਂਦੀ।

3. ਭੱਤਾ ਦੇ ਕੇ ਮੁੜਦਿਆਂ ਆਉਂਦਿਆਂ ਜਦੋਂ ਨਾਮੋ ਨੇ ਕਿਹਾ ਕਲ ਫਿਰ ਆਇਆਂ ਭੱਤਾ ਲੈ ਕੇ ਆਵਾਂਗੀਆਂ ਤਾਂ ਪੀਤੋ ਨੇ ਕਿਹਾ ਮੈਂ ਤਾਂ ਥੱਕ ਗਈ ਹਾਂ, ਮੇਰਾ ਤਾਂ ਸਿਰ ਘੁੰਮ ਰਿਹਾ ਹੈ।

4. ਨਾਮੋ ਉਦਾਸ ਹੋ ਗਈ ਜਦੋਂ ਪੀਤੋ ਨੂੰ ਉਸਦੇ ਬਾਪੂ ਨੇ ਬਹੁਤ ਪਿਆਰ ਕੀਤਾ ਅਤੇ ਸਾਰੇ ਉਸਨੂੰ ਦੇਖਕੇ ਖੁਸ਼ ਹੋ ਗਏ। ਪਰ ਨਾਮੋ ਨੂੰ ਕੋਈ ਪਿਆਰ ਨਹੀਂ ਕਰਦਾ ਤਾਂ ਉਸਦਾ ਮਨ ਉਦਾਸ ਹੋ ਗਿਆ। ਆਓ ਹੁਣ ਅੱਗੇ ਵਿਚਾਰਦੇ ਹਾਂ।

**ਸਹੇਲੀਆਂ ਵਾਲਾ ਪਿਆਰ ਤੇ ਗੱਲਬਾਤ**—ਫਿਰ ਉਹ ਦੋਵੇਂ ਆਪਸ ਵਿੱਚ ਗੱਲਾਂ ਕਰਦੀਆਂ ਹਨ। ਨਾਮੋਂ ਦੱਸਦੀ ਹੈ ਕਿ ਉਹ ਦੀ ਭਾਬੀ ਨੇ ਬਾਗ ਲਾ ਲੈਣੇ। ਮਾਂ ਕਹਿੰਦੀ ਐ ਕਿ ਉਹਦੇ ਵਾਲਾ ਚਰਖਾ ਲੈ ਲੈ ਤੇ ਕੱਤਿਆਂ ਕਰੀਂ। ਕਦੇ ਥੇਡੇ ਘਰ ਛੋਪ ਪਾ ਲਿਆ ਕਰਾਂਗੇ, ਕਦੇ ਸਾਡੇ" ਪਰ ਪੀਤੋ ਨੇ ਕਿਹਾ "ਥੇਡੇ ਘਰ, ਭੈਣੇ, ਤੇਰੀ ਮਾਂ ਤੋਂ ਡਰ ਲਗਦੈ।" ਸਾਡੇ ਘਰ ਈ ਆ ਜਿਆ ਕਰੀਂ। ਫੇਰ ਆਪਸ ਵਿਚ ਸਾਂਝ ਪਾ ਲੈਂਦੀਆਂ ਹਨ ਕਿ ਕਦੇ ਕਦੇ ਇਕ ਦੂਜੇ ਦੇ ਘਰ ਚਲੇ ਜਾਇਆ ਕਰਾਂਗੇ।

ਫੇਰ ਆਪਣੀਆਂ ਭਾਬੀਆਂ ਬਾਰੇ ਗੱਲਾਂ ਕਰਦੀਆਂ ਹਨ ਕਿ ਉਨ੍ਹਾਂ ਦੀਆਂ ਭਾਬੀਆਂ ਕਿਹੋ-ਜਿਹੇ ਸੁਭਾਅ ਦੀਆਂ ਹਨ ਤੇ ਉਹਨਾਂ ਨਾਲ ਕਿਵੇਂ ਰਹਿੰਦੀਆਂ ਹਨ।

**ਜਰਨੈਲੀ ਸੜਕ ਨੂੰ ਪਾਰ ਕਰਨਾ**—ਹੁਣ ਜਦੋਂ ਉਹ ਉੱਠ ਕੇ ਆਪਣੇ ਘਰਾਂ ਨੂੰ ਵਾਪਸ ਚੱਲੀਆਂ ਤਾਂ ਰਾਹ ਵਿੱਚ ਪੈਂਦੀ ਜਰਨੈਲੀ ਸੜਕ ਨੂੰ ਪਾਰ ਕਰਦਿਆਂ ਉਹਨਾਂ ਨੂੰ ਡਰ ਲਗ ਰਿਹਾ ਸੀ ਕਿਉਂਕਿ ਉਸ ਸੜਕ ਬਾਰੇ ਕਿਹਾ ਜਾਂਦਾ ਸੀ ਕਿ ਉਸ ਸੜਕ ਤੇ ਕਈ ਤਰ੍ਹਾਂ ਦੇ ਲੋਕ, ਜਾਂਗਲੀ ਅਤੇ ਰਾਖ਼ੇ ਲੰਘਦੇ ਹਨ ਜੋ ਨਿਆਣਿਆਂ ਨੂੰ ਫੜ ਕੇ ਲੈ ਜਾਂਦੇ ਹਨ। ਉਹਨਾਂ ਨੂੰ ਆਪਣੇ ਮਗਰੇ ਇੱਕ ਬੁੱਢੀ ਆਉਂਦੀ ਦਿੱਸੀ ਤਾਂ ਉਹਨਾਂ ਨੇ ਉਸ ਦਾ ਸਾਥ ਕਰਕੇ ਸੜਕ ਪਾਰ ਕਰਨ ਦਾ ਮਨ ਬਣਾਇਆ। ਪਹਿਲਾ ਤਾਂ ਬੁੱਢੀ ਨੇ ਖਿੱਝ ਕੇ ਉਹਨਾਂ ਨੂੰ ਕਿਹਾ "ਨੀ ਥੋਨੂ ਕੌਣ ਚੱਕੀ ਜਾਂਦਾ ਸੀ" ਹੂਰਾਂ ਜਾਂਦੀਆਂ ਨੂੰ ਸੜਕ 'ਚੋਂ"? ਉਹਨਾਂ ਨੇ ਕਿਹਾ ਹਾਂ ਲੈ ਜਾਵੇਗਾ ਤਾਂ ਉਸ ਬੁੱਢੀ ਨੇ ਕਿਹਾ "ਚਲੋ, ਧੀਏ, ਚਲੋ।"

Class-9
Topic- ਤੋਤਾ [?]

Ramandeep Kaur
ਕਹਾਣੀ -2

ਅਸੀਂ ਵਿਚਾਰਿਆ ਕਿ ਦੋਵੇਂ ਸਹੇਲੀਆਂ ਵਿੱਚ ਬਹੁਤ ਪਿਆਰ ਹੈ। ਉਹ ਆਪਣੀਆਂ ਭਾਬੀਆਂ ਦੀਆਂ ਗੱਲਾਂ ਕਰਦੀਆਂ ਹਨ। ਇੱਕ ਦੂਜੇ ਦੇ ਘਰ ਆਉਣ - ਜਾਣ ਦੀਆਂ ਸਲਾਹਾਂ ਕਰਦੀਆਂ ਹਨ। ਚੀਤੋ ਨੂੰ ਨਾਸੋ ਦੀ ਮਾਂ ਤੋਂ ਹੀ ਡਰ ਲਗਦਾ ਹੈ। ਅੰਤ ਵਿੱਚ ਉਹ ਜਰਨੈਲੀ ਸੜਕ ਤੋਂ ਡਰਦੀਆਂ ਹਨ ਅਤੇ ਅੰਮਾ ਦਾ ਸਹਾਰਾ ਲੈ ਕੇ ਉਸਨੂੰ ਪਾਰ ਕਰਦੀਆਂ ਹਨ।

☆ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

5. ਦੋਵੇਂ ਸਹੇਲੀਆਂ ਆਪਸ ਵਿੱਚ ਕੀ ਗੱਲਾਂ ਕਰਦੀਆਂ ਹਨ?

6. ਚੀਤੋ ਨੂੰ ਨਾਸੋ ਦੇ ਘਰ ਕਿਸ ਤੋਂ ਡਰ ਲਗਦਾ ਹੈ?

7. ਕਹਾਣੀ ਦੇ ਅੰਤ ਵਿੱਚ ਉਹ ਕਿਸਤੋਂ ਡਰਦੀਆਂ ਹਨ?

ਆਓ ਹੁਣ ਇਨ੍ਹਾਂ [?] ਵਿਚਾਰਦੇ ਹਾਂ।

5. ਦੋਵੇਂ ਸਹੇਲੀਆਂ ਆਪਸ ਵਿੱਚ ਆਪਣੀਆਂ ਭਾਬੀਆਂ ਦੀਆਂ ਗੱਲਾਂ ਕਰਦੀਆਂ ਹਨ ਅਤੇ ਇੱਕ ਦੂਜੇ ਦੇ ਘਰ ਚਰਖਾ ਕੱਤਣ ਦੀਆਂ ਸਲਾਹਾਂ ਬਣਾਉਂਦੀਆਂ ਹਨ।

Class-9 Ramandeep Kaur

Topic- ਭੌਤਾ ਕਹਾਣੀ - 2

6 ਪੀਤੋ ਨੂੰ ਨਾਮੋਂ ਦੀ ਮਾਂ ਤੋਂ ਡਰ ਲਗਦਾ ਹੈ ਕਿਉਂਕਿ ਉਹ ਗੁੱਸੇ ਵਾਲੀ ਹੈ।

7 ਕਹਾਣੀ ਦੇ ਅੰਤ ਵਿੱਚ ਦੋਵੇਂ ਸਹੇਲੀਆਂ ਜਰਨੈਲੀ ਸੜਕ ਪਾਰ ਕਰਨ ਤੋਂ ਡਰ ਜਾਂਦੀਆਂ ਹਨ ਅਤੇ ਅੰਮਾ ਦਾ ਸਹਾਰਾ ਲੈ ਕੇ ਪਾਰ ਕਰਦੀਆਂ ਹਨ।

ਸੋ ਵਿਦਿਆਰਥੀਓ, ਅਸੀਂ ਇਸ ਕਹਾਣੀ ਵਿੱਚ ਪੜ੍ਹਿਆ, ਪੇਂਡੂ ਕਿਸਾਨਾਂ ਦਾ ਜੀਵਨ ਬਹੁਤ ਸਧਾਰਨ ਹੈ। ਉਹ ਲੋਕ ਅਬਾਦ ਦੇ ਮਿਹਨਤੀ, ਸਿੱਧੇ ਸੁਭਾਅ ਵਾਲੇ ਤੇ ਸਾਦਾ ਜੀਵਨ ਬਸਰ ਕਰਨ ਵਾਲੇ ਲੋਕ ਹਨ। ਲੇਖਕ ਨੇ ਪਾਤਰ ਉਸਾਰੀ ਵੀ ਸੁੱਚਜੇ ਢੰਗ ਨਾਲ ਕੀਤੀ ਹੈ।

## ਘਰ ਦਾ ਕੰਮ

1. ਤੁਸੀਂ ਇਸ ਕਹਾਣੀ ਨੂੰ ਘੱਟੋ- ਘੱਟ 2-3 ਵਾਰ ਪੜ੍ਹਨਾ ਹੈ।

2. ਸਾਰੇ ਸ਼ਬਦ / ਅਰਥ ਯਾਦ ਕਰਨੇ ਹਨ।

3. ਅਭਿਆਸ ਪੁਸਤਕ ਦੇ ਪੰਨਾ ਨੰਬਰ 16 ਤੇ 17 ਦੇ ਪ੍ਰਸ਼ਨ ਹੱਲ ਕਰਨ ਦਾ ਯਤਨ ਕਰੋ।

(ਧੰਨਵਾਦ)

(Last page)